ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀ ਮੰਜਿਲ, ਈ-ਬਲਾਕ, ਫੇਜ-8, ਐਸ.ਏ.ਐਸ.ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)(ਐ.ਸਿ)
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ, ਪੰਜਾਬ।

ਮੀਮੋ ਨੰ. 69266/2024 257091-93
ਮਿਤੀ 01-10-2024

ਵਿਸ਼ਾ ਵਿਦਿਅਕ ਸੈਸ਼ਨ 2024-25 ਦੌਰਾਨ ਵੱਖ-ਵੱਖ ਵਜੀਫਾ ਸਕੀਮਾਂ ਅਧੀਨ ਈ-ਪੰਜਾਬ ਪੋਰਟਲ ਖੋਲਣ ਦੀ ਮਿਤੀ ਵਿਚ ਵਾਧਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਸੈਸ਼ਨ ਸਾਲ 2024-25 ਦੌਰਾਨ ਈ-ਪੰਜਾਬ ਪੋਰਟਲ ਤੇ ਅਪਲਾਈ ਕਰਨ ਦੀ ਮਿਤੀ ਵਿਚ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਵਾਧਾ ਕੀਤਾ ਜਾਂਦਾ ਹੈ-

| Sr No. | Scholarship scheme |
|---|---|
| 1 | Pre Matric scholarship for OBC/EBC and DNT students scheme (IX and X) |
| 2 | Dr. Hargovind Khuranan scholarship for brilliant students scheme |
| 3 | Sainik Scholarship Scheme |
| 4 | Encouragement award to SC girl student for pursuing 10+2 Education (+1 and +2 classes) |
| 5 | Attendance scholarship to SC Primary Girl Students scheme.(1st to 5th) |
| 6 | Attendance scholarship to BC/EWS Primary Girl Students scheme. (1st to 5th) |

ਸ਼ਡਿਊਲ

| | | |
|---|---|---|
| 1 | **Re-opening of Portal** | 01 Oct 2024 |
| 2 | The last date of submission of online applications | 14 Oct 2024 |
| 3 | The last date for the Schools to approve and forward online data to Districts | 24 Oct 2024 |
| 4 | The last for the Schools to correct temporary rejections and forward online data to districts | 28 Oct 2024 |
| 5 | Districts to approve and forward online data to State | Upto 12 Nov 2024 |

2.0 ਹੇਠ ਲਿਖੀਆਂ ਵਜੀਫਾ ਸਕੀਮਾਂ ਅਧੀਨ ਜਿਲ੍ਹਾ ਪੱਧਰ ਤੇ ਪੋਰਟਲ ਖੋਲ੍ਹਿਆ ਜਾਣਾ ਹੈ।

| Sr No. | Scholarship scheme |
|---|---|
| 1. | 55- Award to SC Sports Students scheme (6-12 Classes) |
| 2. | General Scholarship scheme (6th Class and 8th Class) |

ਇਹਨਾਂ ਸਕੀਮਾਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ-

| | | |
|---|---|---|
| 1 | Re-opening of Portal at district level | 01 October 2024 |
| 2 | Districts to approve and forward online data to State | Upto 12 November 2024 |

2.0 ਉਕਤ ਦਰਸਾਏ ਸ਼ਡਿਊਲ ਅਨੁਸਾਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਯੋਗ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।

Scanned with OKEN Scanner

3.0 ਬੈਂਕ ਅਕਾਊਂਟ ਅਧਾਰ ਸੀਡਿਡ ਹੋਣਾ ਜ਼ਰੂਰੀ ਹੈ। ਅਧਾਰ ਨੰਬਰ ਦਰੁਸਤ ਭਰਨਾ ਯਕੀਨੀ ਬਣਾਇਆ ਜਾਵੇ। ਬੈਂਕ ਖਾਤੇ ਐਕਟਿਵ ਹੋਣੇ ਯਕੀਨੀ ਬਣਾਏ ਜਾਣ। ਮੋਬਾਇਲ ਨੰਬਰ, ਅਧਾਰ ਨੰਬਰ ਅਤੇ ਬੈਂਕ ਅਕਾਊਂਟ ਵਿਚ ਡੁਪਲੀਸਿਟੀ ਨਹੀਂ ਹੋਣੀ ਚਾਹੀਦੀ। 5 ਅਤੇ 15 ਸਾਲ ਦੀ ਉਮਰ ਤੇ ਅਧਾਰ ਅਪਡੇਟ ਕਰਵਾਏ ਜਾਣ।

4.0 ਉਕਤ ਵਜ਼ੀਫਾ ਸਕੀਮ ਅਧੀਨ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਉਪਰੰਤ ਸਕੂਲ ਪੱਧਰ (ਇਨਸਟੀਚਿਊਟ ਨੋਡਲ ਅਫਸਰ) ਅਤੇ ਜਿਲ੍ਹਾ ਪੱਧਰ (ਸੈਕਸ਼ਨਿੰਗ ਅਥਾਰਟੀ) ਤੇ ਡਾਟਾ ਚੰਗੀ ਤਰ੍ਹਾਂ ਵੈਰੀਫਾਈ ਕਰਨ ਉਪਰੰਤ ਮੁੱਖ ਦਫਤਰ ਨੂੰ ਭੇਜਿਆ ਜਾਵੇ।

5.0 ਪੋਰਟਲ ਦੀ ਮਿਤੀ ਵਿਚ ਵਾਧਾ ਨਹੀਂ ਕੀਤਾ ਜਾਵੇਗਾ, ਇਸ ਲਈ ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। ਇਸ ਦੇ ਨਾਲ ਇਹ ਵੀ ਲਿਖਿਆ ਜਾਂਦਾ ਹੈ ਕਿ ਮਿਥੀ ਮਿਤੀ ਤੋਂ ਬਾਅਦ ਕੋਈ ਵੀ ਮੈਨੂਅਲ ਕੇਸ ਪ੍ਰਾਪਤ ਨਹੀਂ ਕੀਤਾ ਜਾਵੇਗਾ।

[signature] 01.10.2024
ਸਹਾਇਕ ਡਾਇਰੈਕਟਰ (ਵਜ਼ੀਫਾ)

ਪਿੱਠ ਅੰਕਣ ਨੰਬਰ – ਉਕਤ 2024257091-93 ਮਿਤੀ ਐਸ.ਏ.ਐਸ.ਨਗਰ 01-10-2024

1) ਉਪਰੋਕਤ ਦਾ ਉਤਾਰਾ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2) ਇੰਚਾਰਜ ਐਮ.ਆਈ.ਐਸ ਵਿੰਗ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸ਼ਡਿਊਲ ਅਨੁਸਾਰ ਪੋਰਟਲ ਖੋਲਣ ਦੀ ਮਿਤੀ ਵਿੱਚ ਵਾਧਾ ਕੀਤਾ ਜਾਵੇ।

[signature] 01.10.2024
ਸਹਾਇਕ ਡਾਇਰੈਕਟਰ (ਵਜ਼ੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਟਿਆਲਾ

ਪਿੱਠ ਅੰਕਣ ਨੰ: ਸੀ-5/1(1)/2024/1422 ਮਿਤੀ 01-10-24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। e-Punjab ਤੇ ਅਪਲਾਈ ਕਰਨ ਬੱਚਿਆਂ ਵਜ਼ੀਫਾ ਸਕੀਮਾਂ ਦੀ ਮਿਤੀ ਵਿੱਚ ਵਾਧਾ ਕੀਤਾ ਗਿਆ ਹੈ। ਸੋ ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਜਾਵੇ।

[signature] 01/10/24

ਉ. ਜ਼ਿਲ੍ਹਾ ਸਿੱਖਿਆ ਅਫਸਰ (ਸ)
ਪਟਿਆਲਾ
1/10/24

Scanned with OKEN Scanner